# ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ

ਆਸਾ ॥

ਕਹਾ ਭਇਓ ਜਉ ਤਨੁ ਭਇਓ ਛਿਨੁ ਛਿਨੁ ॥

ਪ੍ਰੇਮੁ ਜਾਇ ਤਉ ਡਰਪੈ ਤੇਰੋ ਜਨੁ ॥੧॥

ਗੁਰੂ ਗ੍ਰੰਥ ਸਾਹਿਬ ਦੇ ਪੰਨਾ ੪੮੬ ਤੇ, ਭਗਤ ਰਵਿਦਾਸ ਜੀ ਦਾ ਪ੍ਰਭੂ/ਗੁਰੂ ਪ੍ਰੇਮ ਆਸਾ ਰਾਗ ਵਿਚ ਗਾ ਰਿਹਾ ਹੈ :

-- ਤੇਰਾ ਜਨ ਇਸ ਗਲ ਤੋਂ ਡਰਦਾ ਹੈ ਕਿ ਕਿਤੇ ਮੇਰਾ ਤੇਰੇ ਨਾਲੋਂ ਪ੍ਰੇਮ ਨਾ ਟੁਟ ਜਾਏ, ਕਿਤੇ ਮੇਰਾ, ਆਪਣੇ ਸਰੀਰ ਨਾਲ ਮੋਹ ਜਾਂ ਇਸ ਨੂੰ ਸਾਂਭ ਰਖਣ ਦੀ ਹਉਮੈ ਕਾਰਣ, ਮੇਰਾ ਪ੍ਰੇਮ ਤੇਰੇ ਨਾਲੋਂ (ਗੁਰੂ/ਪ੍ਰਭੂ ਨਾਲੋਂ) ਟੁੱਟ ਨਾ ਜਾਏ।

ਪੰਜਵੇਂ ਪਾਤਸ਼ਾਹ, ਪੰਨਾ ੨੦੯ ਤੇ, ਅਕਾਲ ਪੁਰਖ ਨੂੰ ਬੇਨਤੀ ਕਰਦੇ ਹਨ ਕਿ ਮੇਰੀ ਤੇਰੇ ਨਾਲ ਲਗੀ ਪ੍ਰੀਤ ਨੂੰ ਤੋੜ ਤਕ ਨਿਭਵਾ ਦੇਣਾ - 'ਨਿਬਾਹਿ ਲੇਹੁ ਮੋ ਕਉ ਪੁਰਖ ਬਿਧਾਤੇ ਓੜਿ ਪਹੁੰਚਾਵਹੁ ਦਾਤੇ।।' ਭਗਤ ਰਵਿਦਾਸ ਜੀ ਵੀ ਇਸੇ ਤਰ੍ਹਾਂ ਬੇਨਤੀ ਕਰਦੇ ਹਨ ਕਿ ਮੇਰੀ, ਗੋਬਿੰਦ ਨਾਲ ਲਗੀ ਪ੍ਰੀਤ ਕਿਤੇ ਘਟ ਨ ਜਾਏ, ਮੈਂ ਤਾਂ ਇਹ ਬੜਾ ਵਡਾ ਮੁਲ ਦੇ ਕੇ, ਇਹ ਪ੍ਰੀਤ ਲਈ ਹੈ। ਉਹ ਮੁਲ ਹੈ ਮਨ, ਭਾਵ ਮੈਂ ਮਨ ਦਾ ਮੁਲ ਤਾਰ ਕੇ ਇਹ ਸੌਦਾ ਕੀਤਾ ਹੈ, ਇੰਵ ਇਸ ਲਈ, ਇਹ ਪ੍ਰੀਤ ਬਹੁਤ ਮੁਲਵਾਨ ਹੈ - 'ਮੇਰੀ ਪ੍ਰੀਤਿ ਗੋਬਿੰਦ ਸਿਉ ਜਿਨਿ ਘਟੈ।। ਮੈ ਤਉ ਮੋਲਿ ਮਹਗੀ ਲਈ ਜੀਅ ਸਟੈ।।', ਪੰਨਾ ੬੯੪. ਭਗਤ ਕਬੀਰ ਜੀ ਵੀ ਅਜਿਹਾ ਹੀ ਬਚਨ ਕਰਦੇ ਹਨ ਕਿ ਰਾਮ ਦੀ ਪ੍ਰੀਤ, ਸੋਨਾ ਤੋਲ ਕੇ ਵੀ ਪ੍ਰਾਪਤ ਨਹੀਂ ਹੁੰਦੀ। ਇਸ ਕਰਕੇ ਮੈਂ ਆਪਣਾ ਮਨ ਦੇ ਦਿਤਾ, ਤਾਂ ਮੈਨੂੰ ਇਹ ਪ੍ਰੀਤ ਪ੍ਰਾਪਤ ਹੋਈ ਹੈ - 'ਕੰਚਨ ਸਿਉ ਪਾਈਐ ਨਹੀ ਤੋਲਿ।। ਮਨੁ ਦੇ ਰਾਮੁ ਲੀਆ ਹੈ ਮੋਲਿ।।', ਪੰਨਾ ੩੨੭.

-- ਇਸ ਗਲ ਦੀ ਚਿੰਤਾ ਨਹੀਂ, ਕਿ, ਭਾਵੇਂ ਤੇਰੇ ਨਾਲ ਪ੍ਰੇਮ ਬਣਾਏ ਰਖਣ ਦੇ ਵੱਟੇ ਜਾਂ ਬਦਲੇ ਵਿਚ, ਮੇਰਾ ਇਹ ਤਨ, ਰਤਾ ਰਤਾ ਜਾਂ ਛਿਜ ਕੇ ਤਾਰ

ਤਾਰ ਹੀ ਕਿਉਂ ਨਾ ਹੋ ਜਾਏ, ਮੈਨੂੰ ਇਸ ਗਲ ਦੀ ਕੋਈ ਪ੍ਰਵਾਹ ਨਹੀਂ, ਭਾਵ ਤੇਰੇ ਪ੍ਰੇਮ ਦੀ ਕੀਮਤ, ਇਸ ਤਨ ਨੂੰ ਸਾਂਭ ਕੇ ਬਚਾਏ ਰਖਣ ਨਾਲੋਂ ਕਿਤੇ ਜ਼ਿਆਦਾ ਹੈ।੧।

ਅਜਿਹਾ ਹੀ ਪ੍ਰੇਮ ਭਗਤ ਕਬੀਰ ਜੀ ਦਾ ਵੀ ਹੈ। ਆਪ ਜੀ ਪ੍ਰਭੂ ਨੂੰ ਆਪਣਾ ਪਤੀ ਮੰਨ ਕੇ ਉਸਦੀ ਨਾਰਿ ਰੂਪ ਵਿਚ, ੪੮੪ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਜੇ ਪ੍ਰੇਮ ਵਿਚ ਤੂੰ ਮੇਰਾ ਸਰੀਰ ਚੀਰ ਵੀ ਦਵੇਂ ਤਾਂ ਵੀ ਮੈਂ ਆਪਣਾ ਸਰੀਰ ਪਿਛੇ ਨਹੀਂ ਹਟਾਵਾਂਗੀ। ਭਾਵੇਂ ਮੇਰਾ ਸਰੀਰ ਚੀਰਿਆ ਜਾਏ, ਢਹਿ ਢੇਰੀ ਵੀ ਹੋ ਜਾਏ ਤਾਂ ਵੀ, ਇਹ ਸਰੀਰ ਸਾਂਭ ਕੇ ਰਖਣ ਲਈ, ਮੈਂ ਤੇਰੇ ਨਾਲ ਪ੍ਰੇਮ ਕਰਨੋਂ ਪਿਛੇ ਨਹੀਂ ਹਟਾਂਗੀ - 'ਜਉ ਤਨੁ ਚੀਰਹਿ ਅੰਗ ਨ ਮੋਰਉ।। ਪਿੰਡ ਪਰੈ ਤਉ ਪ੍ਰੀਤਿ ਨ ਤੋਰਉ।।' ਇਸੇ ਸ਼ਬਦ ਵਿਚ ਉਹ ਪ੍ਰਭੂ ਨੂੰ ਆਪਣਾ ਪਤੀ ਤੇ ਆਪਣੇ ਆਪ ਨੂੰ ਉਸ ਦੀ ਪਤਨੀ ਦਸਦੇ ਹਨ - 'ਤੁਮਹਿ ਸੁ ਕੰਤ ਨਾਰਿ ਹਮ ਸੋਈ।।' (ਗੁਰਬਾਣੀ ਵਿਚ ਅਨੇਕ ਥਾਵਾਂ ਤੇ ਪ੍ਰਭੂ ਨਾਲ ਪਤੀ ਪਤਨੀ ਵਾਲਾ ਰਿਸ਼ਤਾ ਦਸਿਆ ਗਿਆ ਹੈ।) ਸ੍ਰੀ ਗੁਰੂ ਰਾਮਦਾਸ ਸਾਹਿਬ ਬਚਨ ਕਰਦੇ ਹਨ ਕਿ ਸਿਖ ਦਾ ਗੁਰੂ ਨਾਲ ਪ੍ਰੇਮ ਅਜਿਹਾ ਹੈ ਕਿ ਉਸ ਦੇ ਦਰਸ਼ਨਾਂ ਦੀ ਖ਼ਾਤਰ, ਉਹ ਆਪਣਾ ਤਨ, ਮਨ ਆਦਿ ਸਭ ਕੁਝ ਕਟ ਕਟ ਕੇ ਗੁਰੂ ਅਗੇ ਅਰਪਣ ਕਰਣ ਨੂੰ ਅਤੇ ਆਪਣੇ ਆਪ ਨੂੰ ਅਗਨੀ ਵਿਚ ਵੀ ਅਰਪਣ ਕਰਣ ਨੂੰ ਤਿਆਰ ਹੈ, ਇਤਿ ਆਦਿ - 'ਤਨੁ ਮਨੁ ਕਾਟਿ ਕਾਟਿ ਸਭੁ ਅਰਪੀ ਵਿਚਿ ਅਗਨੀ ਆਪੁ ਜਲਾਈ।।...', ਪੰਨਾ ੭੫੭.

ਇਤਿਹਾਸ ਗਵਾਹ ਹੈ ਕਿ ਪੰਜਾਂ ਪਿਆਰਿਆਂ ਨੇ, ਆਪਣੇ ਆਪ ਨੂੰ, ਗੁਰੂ ਨੂੰ ਸੌਂਪ ਦਿਤਾ ਸੀ। ਗੁਰੂ ਸਾਹਿਬ, ਇਕ ਇਕ ਨੂੰ ਘਸੀਟ ਕੇ ਤੰਬੂ ਵਿਚ ਲੈ ਕੇ ਗਏ ਸਨ। ਉਨ੍ਹਾਂ ਨੇ, ਆਪਣਾ ਸਰੀਰ ਗੁਰੂ ਨੂੰ ਸੌਂਪ ਕੇ, ਆਪਣੇ ਆਪ ਨੂੰ ਖੁਸ਼-ਨਸੀਬ ਸਮਝਿਆ। ਭਾਈ ਮਤੀ ਦਾਸ ਜੀ ਨੇ ਆਰੇ ਨਾਲ ਆਪਣਾ ਸਰੀਰ ਚਿਰਵਾ ਲਿਆ। ਭਾਈ ਤਾਰੂ ਸਿੰਘ ਜੀ ਨੇ ਖੋਪਰ ਲੁਹਾ ਲਏ, ਭਾਈ ਮਨੀ ਸਿੰਘ ਜੀ ਨੇ ਬੰਦ ਬੰਦ ਕਟਵਾ ਲਏ, ਮਾਈਆਂ ਨੇ ਆਪਣੇ ਬਚਿਆਂ ਦੇ ਟੋਟਿਆਂ ਦੇ ਹਾਰ ਗਲਾਂ ਵਿਚ ਪੁਆ ਲਏ, ਖੰਨੀ ਖੰਨੀ ਤੇ ਵੀ ਗੁਜ਼ਾਰਾ ਕਰ ਲਿਆ, ਹੋਰ ਅਨੇਕ ਤਰ੍ਹਾਂ ਨਾਲ ਤਨ ਮਨ ਅਤੇ ਧਨ, ਸਭ ਕੁਝ ਵਾਰਣ ਦੀਆਂ ਮਿਸਾਲਾਂ ਮਿਲਦੀਆਂ ਹਨ।

ਤੁਝਹਿ ਚਰਨ ਅਰਬਿੰਦ ਭਵਨ ਮਨੁ ॥

ਪਾਨ ਕਰਤ ਪਾਇਓ ਪਾਇਓ ਰਾਮਈਆ ਧਨੁ ॥੧॥ ਰਹਾਉ ॥

-- ਮੇਰਾ ਮਨ ਤੇਰੇ ਚਰਣ ਕੰਵਲਾਂ ਵਿਚ ਇਸ ਤਰ੍ਹਾਂ ਲਗ ਗਿਆ ਹੈ ਕਿ ਮੈਂ ਉਨ੍ਹਾਂ ਦਾ ਰਸ ਪਾਨ ਕਰ ਕਰ ਕੇ, ਭਾਵ ਵਾਹਗੁਰੂ ਵਾਹਗੁਰੂ.. ਜਪ ਜਪ ਕੇ, ਰਾਮ ਦਾ ਧਨ, ਭਾਵ, ਨਾਮ ਧਨ ਪ੍ਰਾਪਤ ਕਰ ਲਿਆ ਹੈ।੧।ਰਹਾਉ।

ਸ੍ਰੀ ਗੁਰੂ ਰਾਮਦਾਸ ਸਾਹਿਬ, ਪੰਨਾ ੧੨੯੬ ਤੇ ਬਚਨ ਕਰਦੇ ਹਨ ਕਿ ਵਾਹਗੁਰੂ ਮੇਰਾ ਪ੍ਰਾਣਾਂ ਤੋਂ ਪਿਆਰਾ ਸਖਾ ਹੈ, ਉਹ ਹਰੀ ਮੇਰਾ ਸੁਆਮੀ ਮੇਰਾ ਮਿਤਰ ਹੈ, ਮੇਰਾ ਮਨ ਮੇਰਾ ਤਨ ਮੇਰੀ ਜੀਭ, ਸਭ ਹਰੀ ਦੇ ਨਾਮ ਦਾ ਰਸ ਪਾਨ ਕਰੀ ਜਾ ਰਹੇ ਹਨ, ਉਸ ਨੂੰ ਪਾਨ ਕਰਦਿਆਂ ਕਰਦਿਆਂ, ਰਾਮ ਧਨ ਦਾ ਮਾਲ ਜੁੜਦਾ ਜਾ ਰਿਹਾ ਹੈ - 'ਹਮਰੇ ਹਰਿ ਪ੍ਰਾਨ ਸਖਾ ਸੁਆਮੀ ਹਰਿ ਮੀਤਾ ਮੇਰੇ ਮਨਿ ਤਨਿ ਜੀਹ ਹਰਿ ਹਰੇ ਹਰੇ ਰਾਮ ਨਾਮ ਧਨ ਮਾਲ।।' ਤੇ ਅਜਿਹਾ ਉਹ ਹੀ ਕਰ ਸਕਦਾ ਹੈ ਜਿਸ ਦੇ ਭਾਗਾਂ ਵਿਚ ਹੋਵੇ, ਮੈਂ ਆਪਣਾ ਸੁਹਾਗ ਪ੍ਰਾਪਤ ਕਰ ਕੇ ਨਿਹਾਲ ਨਿਹਾਲ ਨਿਹਾਲ ਹੋ ਗਈ ਹਾਂ - 'ਜਾ ਕੋ ਭਾਗੁ ਤਿਨਿ ਲੀਓ ਰੀ ਸੁਹਾਗੁ ਹਰਿ ਹਰਿ ਹਰੇ ਹਰੇ ਹਉ ਬਲਿ ਬਲੇ ਜਨ ਨਾਨਕ ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ।।' ਭਗਤ ਕਬੀਰ ਜੀ ਦਾ ਵੀ, ਪੰਨਾ ੩੩੧ ਤੇ, ਅਜਿਹਾ ਹੀ ਫ਼ੁਰਮਾਣ ਹੈ - 'ਚਰਨ ਕਮਲ ਸਿਉ ਲਾਗੀ ਪ੍ਰੀਤਿ।। ਗੋਬਿੰਦੁ ਬਸੈ ਨਿਤਾ ਚੀਤ।।' ਗੁਰਬਾਣੀ ਵਿਚ ਚਰਨ ਕਮਲਾਂ ਦੀ ਪ੍ਰੀਤ ਸਦਕਾ ਹੀ ਹਰ ਤਰ੍ਹਾਂ ਦੀ ਪ੍ਰਾਪਤੀ ਦਸੀ ਗਈ ਹੈ। ਇਹ ਪ੍ਰੀਤ ਆਪਣੇ ਆਪ ਵਿਚ ਹੀ ਸਭ ਤੋਂ ਵਡੀ ਪ੍ਰਾਪਤੀ ਹੈ।

ਸੰਪਤਿ ਬਿਪਤਿ ਪਟਲ ਮਾਇਆ ਧਨੁ ॥

ਤਾ ਮਹਿ ਮਗਨ ਹੋਤ ਨ ਤੇਰੋ ਜਨੁ ॥੨॥

-- ਧਨ, ਸਰੀਰਕ ਔਖਿਆਈਆਂ ਤੇ ਬਿਪਤਾਵਾਂ ਆਦਿ ਸਭ, ਮੈਨੂੰ ਰੋਕਣ ਲਈ ਮਾਇਆ ਦੇ ਪਰਦੇ ਹੀ ਪਾਏ ਗਏ ਹਨ।

ਭਗਤ ਰਵਿਦਾਸ ਜੀ, ਪੰਨਾ ੬੫੮ ਤੇ ਬਚਨ ਕਰਦੇ ਹਨ ਕਿ ਇਹ ਮੋਹ ਅਤੇ

ਹੋਰ ਮਾਇਕ ਰੁਕਾਵਟਾਂ ਹਨ, ਜਿਨ੍ਹਾਂ ਵਿਚ ਸਾਰਾ ਜਗਤ ਫ਼ਸਿਆ ਹੋਇਆ ਹੈ ਪਰ ਪ੍ਰਭੂ ਦਾ ਭਗਤ, ਜਨ ਇਨ੍ਹਾਂ ਵਿਚ ਨਹੀਂ ਫ਼ਸਦਾ - 'ਮੋਹ ਪਟਲ ਸਭੁ ਜਗਤੁ ਬਿਆਪਿਓ ਭਗਤ ਨਹੀ ਸੰਤਾਪਾ।।'

-- ਪਰ ਇਨ੍ਹਾਂ ਰੁਕਾਵਟਾਂ ਵਿਚ ਤੇਰਾ ਇਹ ਜਨ ਮਗਨ ਜਾਂ ਗ਼ਲਤਾਨ ਨਹੀਂ ਹੁੰਦਾ।੨।

ਸ੍ਰੀ ਗੁਰੂ ਨਾਨਕ ਸਾਹਿਬ ਫ਼ੁਰਮਾਣ ਕਰਦੇ ਹਨ ਕਿ ਬੇਸ਼ੱਕ ਮੇਰੇ ਲਈ ਮੋਤੀ ਦੇ ਮਹਿਲ ਉਸਰ ਜਾਣ, ਉਹ ਵੀ ਰਤਨਾਂ ਦੇ ਜੜ੍ਹੇ ਹੋਏ ਹੋਣ ; ਉਨ੍ਹਾਂ ਤੇ ਵੀ ਕਸਤੂਰੀ, ਕੇਸਰ, ਅਗਰ ਅਤੇ ਚੰਦਨ ਆਦਿ ਨਾਲ, ਬੜੇ ਚਾਅ ਨਾਲ ਲੇਪ ਕੀਤਾ ਹੋਵੇ ਤਾਂ ਵੀ, ਮੇਰੀ ਤੇਰੇ ਨਾਲ ਪ੍ਰੀਤ ਲਗੀ ਹੋਣ ਕਰ ਕੇ ਤੇਰੇ ਸਾਹਮਣੇ, ਉਹ ਮੇਰੇ ਲਈ ਕਿਸੇ ਕੰਮ ਦੇ ਨਹੀਂ, ਮਤਾਂ ਮੈਂ ਕਿਧਰੇ ਤੇਰਾ ਨਾਮ ਨਾ ਭੁਲ ਜਾਵਾਂ ! ਭਾਵ, ਮੈਂ ਤਾਂ ਤੇਰਾ ਹੀ ਨਾਮ ਜਪਾਂਗਾ - 'ਮੋਤੀ ਤ ਮੰਦਰ ਊਸਰਹਿ ਰਤਨੀ ਤ ਹੋਹਿ ਜੜਾਉ।। ਕਸਤੂਰਿ ਕੁੰਗੂ ਅਗਰਿ ਚੰਦਨਿ ਲੀਪਿ ਆਵੈ ਚਾਉ।। ਮਤੁ ਦੇਖਿ ਭੂਲਾ ਵੀਸਰੈ ਤੇਰਾ ਚਿਤਿ ਨ ਆਵੈ ਨਾਉ।।', ਪੰਨਾ ੧੪.

ਗੁਰਬਾਣੀ ਵਿਚ ਮਾਇਆ ਦੇ ਪੜਦਿਆਂ ਵਿਚ ਮਗਨ ਹੋਣ ਤੋਂ ਬਚਣ ਲਈ ਗੁਰੂ ਨੂੰ ਅਰਦਾਸ ਵੀ ਕੀਤੀ ਗਈ ਹੈ। ੫੪੭ ਪੰਨੇ ਤੇ, ਪੰਜਵੇਂ ਪਾਤਸ਼ਾਹ ਫ਼ੁਰਮਾਣ ਕਰਦੇ ਹਨ - 'ਮਾਇਆ ਮੋਹਿ ਮਗਨੁ ਕਢਿ ਲੇਹੁ ਮੁਰਾਰੀ ਰਾਮ।।'

## ਪ੍ਰੇਮ ਕੀ ਜੇਵਰੀ ਬਾਧਿਓ ਤੇਰੋ ਜਨ ॥

## ਕਹਿ ਰਵਿਦਾਸ ਛੂਟਿਬੋ ਕਵਨ ਗੁਨ ॥੩॥੪॥

-- ਭਗਤ ਰਵਿਦਾਸ ਜੀ ਆਖਦੇ ਹਨ ਕਿ ਤੇਰੇ ਇਸ ਜਨ ਨੇ, ਤੈਨੂੰ ਪ੍ਰੇਮ ਦੀ ਰੱਸੀ ਨਾਲ ਬੰਨ੍ਹਿਆਂ ਹੋਇਆ ਹੈ।

-- ਹੁਣ ਤੂੰ ਇਸ ਤੋਂ ਛੁਟ ਕੇ ਵਿਖਾ, ਕਿਵੇਂ ਛੁਟੇਂਗਾ ! ਭਾਵ, ਮੇਰਾ ਤੇਰੇ ਨਾਲ ਇਤਨਾ ਗੂੜ੍ਹਾ ਪ੍ਰੇਮ ਹੈ ਕਿ ਤੂੰ ਪ੍ਰੇਮ ਰੂਪ ਹੋਣ ਕਰਕੇ, ਪ੍ਰੇਮ ਤੋਂ, ਆਪਣੇ ਆਪ ਨੂੰ ਨਹੀਂ ਤੋੜਦਾ। ਮੈਂ, ਕਿਉਂਕਿ ਹਰ ਹਾਲ ਵਿਚ ਹੀ, ਤੇਰੇ ਨਾਲ, ਤੇਰੇ ਚਾਹੁਣ ਅਨੁਸਾਰ ਪ੍ਰੇਮ ਕਰਦਾ ਰਹਾਂਗਾ ਕਿ ਤੂੰ ਪ੍ਰੇਮ ਕਦੇ ਤੋੜ ਹੀ ਨਾ ਸਕੇਂ।੩।੪।

ਭਗਤੀ ਵਿਚ ਭਗਤਾਂ ਨੇ ਵਾਹਿਗੁਰੂ ਉਤੇ ਹੱਕ ਜਾਂ ਦਾਈਆ ਵੀ ਜਤਾਇਆ ਹੈ (ਪਰ ਇਹ ਦਾਈਆ ਹਰ ਕੋਈ ਨਹੀਂ ਜਤਾਅ ਸਕਦਾ) ਅਤੇ ਕਹਿ ਦਿਤਾ ਹੈ ਕਿ ਤੂੰ ਵੀ ਭਗਤ ਦੇ ਪ੍ਰੇਮ ਵਿਚ ਫਸਿਆ ਹੋਇਆ ਹੈਂ, ਕਿਵੇਂ ਛੁਟੇਂਗਾ ! ਮੈਂ ਤਾਂ ਤੇਰਾ ਨਾਮ ਜਪ ਕੇ ਛੁਟ ਜਾਵਾਂਗਾ। ਜਿਵੇਂ ਭਗਤ ਰਵਿਦਾਸ ਜੀ ੬੫੮ ਪੰਨੇ ਤੇ ਫ਼ੁਰਮਾਣ ਕਰਦੇ ਹਨ - 'ਜਉ ਹਮ ਬਾਂਧੇ ਮੋਹ ਫਾਸ ਹਮ ਪ੍ਰੇਮ ਬਧਨਿ ਤੁਮ ਬਾਧੇ।। ਅਪਨੇ ਛੂਟਨ ਕੋ ਜਤਨੁ ਕਰਹੁ ਹਮ ਛੂਟੇ ਤੁਮ ਆਰਾਧੇ।।'

ਭਗਤ ਕਬੀਰ ਜੀ ਵੀ, ੧੩੬੭ ਪੰਨੇ ਤੇ, ਪ੍ਰੇਮ ਦੇ ਦਾਈਏ ਵਿਚ ਕਹਿ ਰਹੇ ਹਨ ਕਿ ਪ੍ਰਭੂ ਮੇਰੇ ਪਿਛੇ ਪਿਛੇ ਮੈਨੂੰ ਆਵਾਜ਼ਾਂ ਮਾਰਦਾ ਦੌੜਿਆ ਫ਼ਿਰਦਾ ਹੈ - 'ਪਾਛੈ ਲਾਗੋ ਹਰਿ ਫਿਰੈ ਕਹਤ ਕਬੀਰ ਕਬੀਰ।।' ਭਗਤ ਜੀ ਨੇ ਪ੍ਰਭੂ ਪ੍ਰੇਮ ਵਿਚ, ਪ੍ਰਭੂ ਦੀ ਰਸੀ ਗਲੇ ਵਿਚ ਪਾ ਕੇ ਉਸ ਦਾ ਕੂਕਰ ਬਣਨਾ ਵੀ ਖ਼ੁਸ਼ਨਸੀਬੀ ਮੰਨੀ ਹੈ ਕਿ ਮੈਂ ਤਾਂ ਰਾਮ ਦਾ ਕੂਕਰ ਹਾਂ, ਮੇਰਾ ਨਾਮ ਮੋਤੀ ਹੈ, ਪ੍ਰਭੂ ਨੇ ਮੇਰੇ ਗਲ ਵਿਚ ਅਜਿਹੀ ਰੱਸੀ ਪਾਈ ਹੋਈ ਹੈ ਕਿ ਜਿਧਰ ਨੂੰ ਉਹ ਜਾਂਦਾ ਹੈ ਮੈਨੂੰ ਮੇਰੀ ਰਸੀ ਨਾਲ ਖਿਚ ਕੇ ਨਾਲ ਹੀ ਲੈ ਕੇ ਤੁਰਦਾ ਹੈ, ਮੈਂ ਮਗਰ ਮਗਰ ਹੀ ਤੁਰਦਾ ਹਾਂ - 'ਕਬੀਰ ਕੂਕਰੁ ਰਾਮ ਕੋ ਮੁਤੀਆ ਮੇਰੋ ਨਾਉ।। ਗਲੇ ਹਮਾਰੇ ਜੇਵਰੀ ਜਹ ਖਿੰਚੈ ਤਹ ਜਾਉ।।', ਪੰਨਾ ੧੩੬੮.

ਸ੍ਰੀ ਗੁਰੂ ਅਰਜਨ ਸਾਹਿਬ ਵੀ, ੯੬੨ ਪੰਨੇ ਤੇ, ਫ਼ੁਰਮਾਣ ਕਰਦੇ ਹਨ ਕਿ ਵਾਹਿਗੁਰੂ ਭਗਤਾਂ ਦੇ ਵਸ ਵਿਚ ਹੈ, ਇਸੇ ਲਈ ਭਗਤਾਂ ਨੂੰ ਵੀ ਉਸੇ ਦਾ ਹੀ ਆਸਰਾ ਹੁੰਦਾ ਹੈ - 'ਤੂ ਭਗਤਾ ਕੈ ਵਸਿ ਭਗਤਾ ਤਾਣਿ ਤੇਰਾ।।'

ਗੁਰਬਾਣੀ ਵਿਚ ਇਸੇ ਤਰ੍ਹਾਂ ਗੁਰੂ/ਪ੍ਰਭੂ ਦੇ ਪ੍ਰੇਮ ਦੀ ਬੇਅੰਤ ਮਹਿਮਾ ਗਾਈ ਗਈ ਹੈ।



4.10.2020